# ਵਾਸ਼ਿੰਗਟਨ ਵਿੱਚ ਰਾਜ ਦੁਆਰਾ ਮੁੱਲਾਂਕਣ: ਗ੍ਰੇਡ 3-8

ਗ੍ਰੇਡ 3-8 ਵਿੱਚ ਜ਼ਿਆਦਾਤਰ ਵਿਦਿਆਰਥੀ ਮਈਅਰਮੈਂਟ ਆਫ ਸਟੂਡੈਂਟ ਪ੍ਰੋਗਰੈਸ (MSP) (ਵਿਦਿਆਰਥੀ ਦੀ ਤਰੱਕੀ ਦਾ ਨਾਪ) ਦੇਣਗੇ। ਲਗਭਗ ਇੱਕ ਪ੍ਰਤਿਸ਼ਤ ਵਿਦਿਆਰਥੀ "ਵਾਸ਼ਿੰਗਟਨ ਆਲਟਰਨੇਟ ਅਸੈਸਮੈਂਟ ਸਿਸਟਮ" (WAAS) ਵਿੱਚ ਹਿੱਸਾ ਲੈਂਦੇ ਹਨ ਜੋ ਵਿਸ਼ੇਸ਼ ਸਿੱਖਿਆ ਦੇ ਪ੍ਰੋਗਰਾਮਾਂ ਵਿਚਲੇ ਕੁਝ ਵਿਦਿਆਰਥੀਆਂ ਲਈ ਇਸਦੇ ਬਰਾਬਰ ਦਾ ਚੁਣੌਤੀਪੂਰਣ ਪ੍ਰੋਗਰਾਮ ਹੈ।

ਨਾਂ MSP ਵਿੱਚ ਟੈਸਟ ਦੇ ਟੀਚੇ ਦੀ ਝਲਕ ਮਿਲਦੀ ਹੈ: *ਵਿਦਿਆਰਥੀ ਦੀ ਪਰਗਤੀ ਨੂੰ ਮਾਪਣਾ*। ਰਾਜ ਦੁਆਰਾ ਟੈਸਟਿੰਗ ਵਿਦਿਆਰਥੀ ਦੀਆਂ ਸਿਰਫ਼ ਵਿੱਦਿਅਕ ਮਹਾਰਤਾਂ ਅਤੇ ਗਿਆਨ ਦਾ ਮੁਲਾਂਕਣ ਨਹੀਂ ਹੋਣੀ ਚਾਹੀਦੀ। ਹਮੇਸ਼ਾ ਵਿਦਿਆਰਥੀ ਦੇ ਪੂਰੇ ਪ੍ਰਦਰਸ਼ਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਜੇ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਨਾਲ ਸੰਪਰਕ ਕਰੋ।

### ਸੂਬਾਈ ਇਮਤਿਹਾਨਾਂ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

**ਸੂਬਾਈ ਇਮਤਿਹਾਨਾਂ ਵਿੱਚ ਕਿਸ ਕਿਸਮ ਦੇ ਸਵਾਲ ਆਉਂਦੇ ਹਨ?**

ਰੀਡਿੰਗ, ਗਣਿਤ ਅਤੇ ਸਾਇੰਸ ਦੇ MSP ਵਿੱਚ ਬਹੁ-ਚੋਣੀ ਅਤੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੁੰਦੇ ਹਨ। ਰੀਡਿੰਗ, ਗਣਿਤ ਅਤੇ ਸਾਇੰਸ ਦੇ ਇਮਤਿਹਾਨਾਂ ਵਿੱਚੋਂ ਚਾਰ-ਅੰਕਾ ਵਾਲੇ ਵਿਸਥਾਰਤ ਸਵਾਲ ਖਤਮ ਕਰ ਦਿੱਤੇ ਗਏ ਹਨ। ਇਸ ਤਬਦੀਲੀ ਨਾਲ ਵਿਦਿਆਰਥੀ ਦਿਖਾ ਸਕਦੇ ਹਨ ਕਿ ਉਹ ਸਮੱਸਿਆਵਾਂ ਹੱਲ ਕਰ ਸਕਦੇ ਹਨ, ਜਦ ਕਿ ਉਹਨਾਂ ਦੀ ਲਿਖਣ ਦੀ ਸਮਰੱਥਾ ਲਈ ਅੰਕ ਨਹੀਂ ਦਿੱਤੇ ਜਾਂਦੇ ਹਨ। ਸਾਡੇ ਕੋਲ ਗ੍ਰੇਡ 4 ਅਤੇ 7 ਵਿੱਚ MSP ਟੈਸਟ ਹੈ।

ਰਾਜ ਦੀ ਟੈਸਟ ਲੈਣ ਬਾਰੇ ਪ੍ਰਣਾਲੀ ਬਾਰੇ ਵਧੇਰੇ ਜਾਣਨ ਲਈ ਕਿਰਪਾ ਕਰਕੇ **www.WAtesting.com** 'ਤੇ ਜਾਉ।

## ਔਨ-ਲਾਈਨ ਟੈਸਟਿੰਗ ਵਲ ਕਦਮ

ਵਾਸ਼ਿੰਗਟਨ ਆੱਨਲਾਈਨ ਟੈਸਟਿੰਗ ਦੀ ਸ਼ੁਰੂਆਤ ਕਰਨ ਵਾਲਾ ਪਹਿਲਾਂ ਪ੍ਰਾਂਤ ਨਹੀਂ ਹੈ, ਪਰ ਇਹ ਮੋਹਰੀਆਂ ਵਿੱਚੋਂ ਹੈ। ਪ੍ਰਾਂਤ ਦਾ ਟੀਚਾ ਇਹ ਹੈ ਕਿ 2014 ਤੱਕ ਸਾਰੇ ਸਕੂਲ ਜਿਲ੍ਹਿਆਂ ਵਿੱਚ ਜ਼ਿਆਦਾਤਰ ਐਲੀਮੈਂਟਰੀ ਅਤੇ ਮਿਡਲ ਸਕੂਲਾਂ ਗਰੇਡਾਂ ਨੂੰ ਪੜ੍ਹਨ, ਗਣਿਤ ਅਤੇ ਵਿਗਿਆਨ ਵਿੱਚ ਕੰਪਿਊਟਰਾਂ ਰਾਹੀਂ ਟੈਸਟ ਕੀਤਾ ਜਾਵੇ।

2012 ਦੀ ਸਪਰਿੰਗ ਵਿੱਚ, 3 - 8 ਗਰੇਡਾਂ ਵਿੱਚ ਆੱਨਲਾਈਨ ਐੱਮ.ਐੱਸ.ਪੀ. ਦਿੱਤੀ ਜਾਵੇਗੀ, ਤੀਜੇ ਗਰੇਡ ਦੇ ਵਿਦਿਆਰਥੀਆਂ ਨੂੰ ਇਸ ਮੌਕੇ ਦੀ ਪਹਿਲੀ ਵਾਰੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਪਿਛਲੇ ਸਾਲ, ਚੌਥੇ ਅਤੇ ਪੰਜਵੇਂ ਗਰੇਡ ਦੇ ਵਿਦਿਆਰਥੀਆਂ ਨੇ ਪੜ੍ਹਨ ਅਤੇ ਗਣਿਤ ਵਿੱਚ ਆੱਨਲਾਈਨ ਟੈਸਟ ਦੇਣਾ ਸ਼ੁਰੂ ਕੀਤਾ ਸੀ। ਚੌਥੇ ਅਤੇ ਸੱਤਵੇਂ ਗਰੇਡ ਦੀ ਲਿਖਾਈ ਵਿੱਚ ਆੱਨਲਾਈਨ ਟੈਸਟਿੰਗ ਵਾਸਤੇ ਸੰਭਵਤਾ ਅਧਿਐਨਾਂ ਦਾ ਸੰਚਾਲਨ ਕੀਤਾ ਜਾ ਰਿਹਾ ਹੈ।

## ਕਿਸਦਾ ਟੈਸਟ ਲਿਆ ਜਾਣਾ ਹੈ ਅਤੇ ਕਦੋਂ?

ਸੰਘ ਦੇ ਨੋ ਚਾਈਡਲ ਲੈਫਟ ਬਿਹਾਈਂਡ (ਕੋਈ ਵੀ ਬੱਚਾ ਪਿੱਛੇ ਨਾ ਰਹੇ) ਐਕਟ ਅਨੁਸਾਰ ਗ੍ਰੇਡ 3–8 ਅਤੇ 10 ਦੇ ਵਿਦਿਆਰਥੀਆਂ ਦਾ ਰੀਡਿੰਗ ਅਤੇ ਗਣਿਤ ਵਿੱਚ, ਅਤੇ ਤਿੰਨ ਗ੍ਰੇਡਾਂ (ਵਾਸ਼ਿੰਗਟਨ ਵਿੱਚ ਗ੍ਰੇਡ 5, 8 ਅਤੇ 10) ਦਾ ਸਾਇੰਸ ਵਿੱਚ ਸਲਾਨਾ ਇਮਤਿਹਾਨ ਲੋੜੀਂਦਾ ਹੈ। ਸਾਡਾ ਸੂਬਾ ਵਿਦਿਆਰਥੀਆਂ ਦਾ ਰਾਈਟਿੰਗ (ਗ੍ਰੇਡ 4, 7 ਅਤੇ 10) ਵਿੱਚ ਵੀ ਇਮਤਿਹਾਨ ਲੈਂਦਾ ਹੈ। ਸਾਡੇ ਸੂਬੇ ਨੇ ਵੀ ਆਨਲਾਈਨ ਇਮਿਤਿਹਾਨ ਸ਼ੁਰੂ ਕਰ ਦਿੱਤੇ ਹਨ।

| ਗ੍ਰੇਡ | ਤੀਜਾ | ਚੌਥਾ | ਪੰਜਵਾਂ | 6ਵਾਂ | 7ਵਾਂ | 8ਵਾਂ | 9ਵਾਂ | 10ਵਾਂ | 11ਵਾਂ | 12ਵਾਂ |
|---|---|---|---|---|---|---|---|---|---|---|
| ਰੀਡਿੰਗ | ✓■ | ✓■ | ✓■ | ✓■ | ✓■ | ✓■ | NT | ✓ | *ਤਾਂ ਹੀ ਜ਼ਰੂਰੀ ਹੈ ਜੇ ਵਿਦਿਆਰਥੀ ਨੇ ਸਟੇਟ ਅਸੈਸਮੈਂਟ ਗ੍ਰੈਜੁਏਸ਼ਨ ਲਈ ਲੋੜਾਂ ਪੂਰੀਆਂ ਨਹੀਂ ਕੀਤੀਆਂ।* | |
| ਗਣਿਤ | ✓■ | ✓■ | ✓■ | ✓■ | ✓■ | ✓■ | ✓ | ✓ | | |
| ਰਾਈਟਿੰਗ | | ✓ | | | ✓ | | NT | ✓ | | |
| ਵਿਗਿਆਨ | | | ✓■ | | | ✓■ | ✓ | ✓ | | |

■ 2012 ਦੀ ਬਸੰਤ ਰੁੱਤ ਵਿੱਚ ਆਨਲਾਈਨ ਪੇਸ਼ ਕੀਤਾ ਜਾਵੇਗਾ

NT ਵਿਸ਼ੇ ਜਿਨ੍ਹਾਂ ਦਾ ਇਮਤਿਹਾਨ ਨਹੀਂ ਲਿਆ ਜਾਂਦਾ ਹੈ (ਕੇਵਲ 9ਵੇਂ ਗਰੇਡ ਦੇ ਵਿਦਿਆਰਥੀ ਹੀ ਗਣਿਤ ਅਤੇ ਵਿਗਿਆਨ ਵਿੱਚ ਕੋਰਸ ਦੇ ਅੰਤ 'ਤੇ ਹੋਣ ਵਾਲੇ ਇਮਤਿਹਾਨ ਲੈਂਦੇ ਹਨ ਜੇ ਉਹ ਇਹਨਾਂ ਵਿਸ਼ੇਸ਼ ਕੋਰਸਾਂ ਵਿੱਚ ਹਨ)

# ਗ੍ਰੇਡ 1

## ਟੈਸਟ ਲੈਣ ਦਾ ਕਾਰਜਕ੍ਰਮ

3-8 ਗ੍ਰੇਡਾਂ ਲਈ ਸਕੂਲ ਰਾਜ ਦੇ ਟੈਸਟ ਸਪ੍ਰਿੰਗ ਵਿੱਚ ਲੈਣਗੇ। ਹੁਣ MSP ਇਮਤਿਹਾਨ ਮਈ ਵਿੱਚ ਲਿਆ ਜਾਂਦਾ ਹੈ। ਹਰ ਗ੍ਰੇਡ ਪੜ੍ਹਨ ਅਤੇ ਗਣਿਤ ਵਿੱਚ ਟੈਸਟ ਦੇਵੇਗਾ (1 ਵਿਸ਼ੇ ਲਈ 1 ਦਿਨ) ਜਦ ਕਿ ਦੂਜੇ ਗ੍ਰੇਡ ਲਿਖਾਈ (2 ਦਿਨ) ਅਤੇ ਸਾਇੰਸ (1 ਦਿਨ) ਲਈ ਵੀ ਟੈਸਟ ਦੇਣਗੇ। ਹਾਲਾਂਕਿ ਟੈਸਟ ਕਰਨ ਦੀ ਸਮਾਂ ਮਿਆਦ ਲੱਗਭਗ 3 ਹਫਤੇ ਲੰਬੀ ਹੈ, ਇਹ ਚੋਣ ਸਕੂਲ ਕਰਦੇ ਹਨ ਕਿ ਇਸ ਮਿਆਦ ਦੌਰਾਨ ਕਿਹੜੇ ਦਿਨਾਂ ਵਿੱਚ ਟੈਸਟ ਲਿਆ ਜਾਵੇ। ਆਪਣੇ ਸਕੂਲ ਦੇ ਵਿਸ਼ੇਸ਼ ਇਮਤਿਆਨਾਂ ਦੇ ਕੈਲੰਡਰ ਲਈ ਕਿਰਪਾ ਕਰਕੇ ਉਹਨਾਂ ਨਾਲ ਸੰਪਰਕ ਕਰੋ।

## MSP ਸਕੋਰ ਦਾ ਅਰਥ ਕੀ ਹੈ?

ਹਰ MSP ਟੈਸਟ ਲਈ ਵਿਦਿਆਰਥੀ ਨੂੰ ਇੱਕ ਸਕੋਰ ਮਿਲਦਾ ਹੈ। ਅੰਕ ਇਕੱਲੇ-ਇਕੱਲੇ ਵਿਦਿਆਰਥੀ ਦੁਆਰਾ ਕੀਤੇ ਗਏ ਪ੍ਰਦਰਸ਼ਨ 'ਤੇ ਅਧਾਰਤ ਹੁੰਦੇ ਹਨ, ਇਸ ਲਈ ਤੁਹਾਨੂੰ ਦੂਸਰੇ ਮਾਣਕੀਕ੍ਰਿਤ ਟੈਸਟਾਂ ਦੁਆਰਾ ਅਕਸਰ ਦਿੱਤੇ ਜਾਣ ਵਾਲੇ ਤੁਲਨਾਤਮਕ ਪ੍ਰਤਿਸ਼ਤ ਦੇਖਣ ਨੂੰ ਨਹੀਂ ਮਿਲਣਗੇ। ਅੰਕ ਇਹਨਾਂ ਚਾਰ ਪੱਧਰਾਂ ਵਿੱਚੋਂ ਕਿਸੇ ਇੱਕ ਵਿੱਚ ਹੁੰਦੇ ਹਨ:

ਪੱਧਰ **4** — **ਰਾਜ ਦੇ ਪੱਧਰਾਂ ਤੋਂ ਅੱਗੇ ਨਿਕਲਦਾ/ਨਿਕਲਦੀ ਹੈ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਅਗਾਹੂੰ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

ਪੱਧਰ **3** — **ਰਾਜ ਦੇ ਪੱਧਰਾਂ ਨੂੰ ਪੂਰਾ ਕਰਦਾ/ਕਰਦੀ ਹੈ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

ਪੱਧਰ **2** — **ਰਾਜ ਦੇ ਪੱਧਰ ਤੋਂ ਹੇਠਾਂ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਕੁਝ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

ਪੱਧਰ **1** — **ਰਾਜ ਦੇ ਪੱਧਰ ਤੋਂ ਕਾਫੀ ਹੇਠਾਂ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਬਹੁਤ ਥੋੜ੍ਹੀ ਤੋਂ ਲੈ ਕੇ ਬਿਲਕੁਲ ਹੀ ਨਹੀਂ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

Office of Superintendent of Public Instruction
Old Capitol Building
P.O. Box 47200
Olympia, WA 98504-7200

**ਵਧੇਰੇ ਜਾਣਕਾਰੀ ਲਈ**

OSPI: **www.k12.wa.us**
MSP/HSPE: **www.WAtesting.com**
ਸਵਾਲ: **StateTesting@k12.wa.us**